# HI-TECH PUNJAB ONLINE COACHING

## FREE NOTES

## MASTER CADRE HISTORY

## ਜੈਨ ਧਰਮ

6ਵੀਂ ਸਦੀ ਵਿਚ ਹਿੰਦੂ ਧਰਮ ਵਿਚ ਬਹੁਤ ਜਿਆਦਾ ਕੁਰੀਤੀਆਂ ਅਤੇ ਅੰਧ-ਵਿਸ਼ਵਾਸ ਫੈਲ ਚੁਕਾ ਸੀ। ਲੋਕ ਬਹੁਤ ਜਿਆਦਾ ਦੁਖੀ ਸਨ।6ਵੀਂ ਸਦੀ ਵਿਚ ਮਗਧ ਰਾਜ ਦੇ ਰਾਜੇ ਬਿੰਬੀਸਾਰ ਅਤੇ ਅਜਾਤਸ਼ਤਰੂ ਬ੍ਰਹਾਮਣਾਂ ਦੁਆਰਾ ਫੈਲਾਏ ਜਾ ਰਹੇ ਅੰਧ ਵਿਸ਼ਵਾਸ਼ਾਂ ਕਾਰਨ ਜੈਨ ਧਰਮ ਦੀਆਂ ਸਿਖਿਆਵਾਂ ਤੋਂ ਪ੍ਰੇਰਿਤ ਹੋ ਕੇ ਜੈਨ ਧਰਮ ਨੂੰ ਫੈਲਾਉਣਾ ਸੁਰੂ ਕੀਤਾ। ਜੈਨੀ ਗ੍ਰੰਥਾਂ ਵਿਚ ਇਹਨਾਂ ਰਾਜਿਆਂ ਨੂੰ ਜੈਨੀਆਂ ਦਾ ਨਾਂ ਦਿੱਤਾ ਗਿਆ ਹੈ। ਬ੍ਰਾਹਮਣ ਲਾਲਚੀ ਹੋ ਗਏ ਅਤੇ ਲੋਕਾਂ ਦਾ ਯੱਗਾਂ ਤੇ ਜਿਆਦਾ ਖਰਚਾ ਕਰਵਾਉਣ ਲੱਗ ਪਏ। ਉੱਚ ਜਾਤੀ ਦੇ ਲੋਕ ਸੂਦਰਾਂ ਅਤੇ ਗਰੀਬ ਲੋਕਾਂ ਨੂੰ ਨੀਚ ਸਮਝ ਕੇ ਉਹਨਾਂ ਨਾਲ ਮਾੜੇ ਸਲੂਕ ਦੇ ਨਾਲ ਨਾਲ ਮੰਦਰਾਂ, ਖੂਹਾਂ, ਤੇ ਜਾਣਾ ਬੰਦ ਕਰ ਦਿੱਤਾ ਗਿਆ। ਸੰਸਕ੍ਰਿਤ ਭਾਸ਼ਾ ਨੂੰ ਪਵਿੱਤਰ ਭਾਸ਼ਾ ਮੰਨਿਆ ਜਾਂਦਾ ਸੀ ਅਤੇ ਇਹ ਔਖੀ ਹੋਣ ਕਾਰਨ ਆਮ ਲੋਕਾਂ ਨੂੰ ਧਾਰਮਿਕ ਗ੍ਰੰਥਾਂ ਨੂੰ ਪੜਨ ਦਾ ਗਿਆਨ ਨਹੀਂ ਸੀ, ਜਿਸਦਾ ਫਾਇਦਾ ਹਿੰਦੂ ਬ੍ਰਾਹਮਣਾਂ ਉਠਾਉਣਾ ਸੁਰੂ ਕੀਤਾ।ਲੋਕ ਵੀ ਜਾਦੂ ਟੂਣਿਆਂ ਵਿਚ ਵਿਸ਼ਵਾਸ਼ ਕਰਨ ਲੱਗ ਗਏ ਸਨ।

ਜੈਨ ਧਰਮ ਭਾਰਤ ਦਾ ਪ੍ਰਾਚੀਨ ਧਰਮ ਹੈ ਇਸ ਦੇ ਕੁੱਲ 24 ਥੀਰੰਥਕਾਰ ਹੋਏ ਹਨ। ਪਹਿਲਾ ਤੀਰੰਥਕਾਰ ਰਿਸ਼ਬਨਾਥ, 23ਵਾਂ ਪਾਰਸ਼ਵਨਾਥ, 24ਵਾਂ ਮਹਾਂਵੀਰ ਸੀ। 23ਵੇਂ ਅਤੇ 24ਵੇਂ ਤੀਰੰਥਕਾਰ ਵਿਚ 250 ਸਾਲ ਦਾ ਫਰਕ ਹੈ। ਜੈਨ ਧਰਮ ਦਾ ਅਸਲੀ ਸੰਸਥਾਪਕ ਮਹਾਂਵੀਰ ਨੂੰ ਮਨਿਆ ਜਾਂਦਾ ਹੈ। ਮਹਾਂਵੀਰ ਨੇ ਸੰਨਿਆਸ ਨੂੰ ਨਿਰਗ੍ਰੰਥ (ਬੰਧਨਾਂ ਤੋਂ ਮੁਕਤ) ਦਾ ਨਾਂ ਦਿੱਤਾ ਅਤੇ ਅੰਧ-ਵਿਸ਼ਵਾਸ਼ਾਂ ਦਾ ਵਿਰੋਧ ਕੀਤਾ।

Hi-Tech Online Coaching

# HI-TECH PUNJAB ONLINE COACHING

## FREE NOTES

## MASTER CADRE HISTORY

## ਜੈਨ ਧਰਮ

HI TECH PUNJAB
NO.1 NOTES PROVIDER

Low Price
Notes Available

----------------------------------------------------------------

TET Cadre Notes: PSTET-I || PSTET-II

----------------------------------------------------------------

Master Cadre Notes: HISTORY, CIVICS, PUNJABI

----------------------------------------------------------------

ਹਾਂਵੀਰ(ਬਚਪਨ ਦਾ ਨਾਂ ਵਰਧਮਾਨ) ਦਾ ਜਨਮ 540 ਈ. ਵਿਚ ਕੁੰਡਗ੍ਰਾਮ ਪਿਤਾ ਸਿਧਾਰਥ(ਕਸ਼ੱਤਰੀ ਕਬੀਲਾ ਜਨਾਤ੍ਰਿੰਕਾ ਦੇ ਮੁਖੀ) ਅਤੇ ਮਾਤਾ ਤ੍ਰਿਸ਼ਲਾ (ਲਿੱਛਵੀ ਵੰਸ਼ ਦੇ ਸ਼ਾਸ਼ਕ ਚੇਟਕ ਦੀ ਭੈਣ) ਦੇ ਘਰ ਵੈਸ਼ਾਲੀ (ਬਿਹਾਰ) ਵਿਚ ਹੋਇਆ।ਯਸ਼ੋਦਾ ਨਾਲ ਵਿਆਹ ਤੋਂ ਬਾਅਦ ਉਹਨਾਂ ਦੇ ਘਰ ਪ੍ਰਿਆ ਦਰਸ਼ਨੀ ਜਾਂ ਅਨੋਜਾ ਨੇ ਜਨਮ ਲਿਆ।

ਨੋਟ 1– ਕੁੱਝ ਇਤਿਹਾਸਕਾਰ ਮਹਾਂਵੀਰ ਦਾ ਜਨਮ 599 ਵਿਚ ਮੰਨਦੇ ਹਨ। ਪਰ ਸਭ ਤੋਂ ਜਿਆਦਾ 540 ਮੰਨਿਆ ਜਾਂਦਾ ਹੈ।
ਨੋਟ 2– ਕੁੱਝ ਇਤਿਹਾਸਕਾਰ ਮਹਾਂਵੀਰ ਦੀ ਮੌਤ 527 ਵਿਚ ਮੰਨਦੇ ਹਨ। ਪਰ ਸਭ ਤੋਂ ਜਿਆਦਾ 468 ਮੰਨਿਆ ਜਾਂਦਾ ਹੈ।

## FREE NOTES

# MASTER CADRE HISTORY

## ਜੈਨ ਧਰਮ

ਮਾਤਾ ਪਿਤਾ ਦੀ ਮੌਤ ਪਿਛੋਂ 30 ਸਾਲ ਦੀ ਉਮਰ ਵਿਚ ਮਹਾਂਵੀਰ ਨੇ ਆਪਣੇ ਵੱਡੇ ਭਰਾ ਨੂੰ ਦੱਸ ਕੇ ਘਰ ਤਿਆਗ ਦਿੱਤਾ। 12 ਸਾਲ ਤਪੱਸਿਆ ਤੋਂ ਬਾਅਦ ਜਰਿਮਥਿਕ ਗ੍ਰਾਮ ਵਿਚ ਰਿਜੂਪਾਲਿਕਾ ਨਦੀ ਕਿਨਾਰੇ 42 ਸਾਲ ਦੀ ਉਮਰ ਵਿਚ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਮਹਾਂਵੀਰ ”ਜਿਨ” ਅਖਵਾਏ ਅਤੇ ਇੰਦਰੀਆਂ ਤੇ ਕਾਬੂ ਕਰ ਲਿਆ।

ਮਹਾਂਵੀਰ ਦੇ ਪ੍ਰਚਾਰ ਕੇਂਦਰ ਰਾਜਗ੍ਰਹਿ, ਵੈਸ਼ਾਲੀ, ਕੌਸ਼ਲ, ਮਿਥਲਾ, ਵਿਦੇਹ ਅਤੇ ਅੰਗ ਸਨ। 30 ਸਾਲ ਧਰਮ ਪ੍ਰਚਾਰ ਤੋਂ ਬਾਅਦ ਅਖੀਰ ਵਿਚ ਪਾਵਾਪੁਰੀ(ਪਟਨਾ) ਵਿਚ 468 ਈ. ਨੂੰ ਉਹਨਾਂ ਦੀ ਮੌਤ ਹੋਈ।

ਮਹਾਂਵੀਰ ਦੀਆਂ ਸਿੱਖਿਆਵਾਂ ਸਰਲ ਸਨ। ਉਹਨਾਂ ਦੇ ਤਿੰਨ ਰਤਨ ਸੱਚੀ ਸ਼ਰਧਾ, ਸੱਚਾ ਗਿਆਨ, ਸੱਚਾ ਆਚਰਨ ਸਨ। ਉਹਨਾਂ ਨੇ ਅਹਿੰਸਾ ਦੇ ਰਸਤੇ ਤੇ ਜੋਰ ਦਿੱਤਾ। ਇਸ ਧਰਮ ਵਿਚ ਪਾਪ ਕਰਨ ਦੀ ਮਨਾਹੀ ਹੈ।ਜੈਨੀ ਸਰੀਰ ਨੂੰ ਜਿਆਦਾ ਕਸ਼ਟ ਦਿੰਦੇ ਹੋਏ ਮੂੰਹ ਤੇ ਪੱਟੀ, ਨੰਗੇ ਪੈਰੀਂ, ਰਾਤ ਨੂੰ ਖਾਣਾ ਨਾ ਖਾਣਾ, ਪਾਣੀ ਛਾਣ ਕੇ ਪੀਂਦੇ ਸਨ।

ਜੈਨੀਆਂ ਨੂੰ ਪੰਜ ਗੱਲਾ ਦਾ ਧਿਆਨ ਰੱਖਣਾ ਪੈਂਦਾ ਹੈ- ਸੱਚ ਬੋਲਣਾ, ਅਹਿੰਸਾ, ਕੋਈ ਚੀਜ ਕੋਲ ਨਾ ਰੱਖਣਾ,ਧਨ ਨਾ ਰੱਖਣਾ, ਬ੍ਰਹਿਮਚਾਰੀਆ ਜੀਵਨ। ਜੈਨ ਧਰਮ ਧਰਮ ਅਸਮਾਨਤਾ, ਉਚ ਨੀਚ, ਜਾਤੀ ਵਾਦ, ਚੋਰੀ,ਝੂਠ, ਚੁਗਲੀ ਨਫਰਤ, ਲਾਲਚ, ਝੂਠੇ ਰੀਤੀ ਰਿਵਾਜ, ਢੋਂਗ, ਅੰਧ ਵਿਸ਼ਵਾਸ਼, ਪਾਪ ਆਦਿ ਦੇ ਖਿਲਾਫ ਹੈ।

Hi-Tech Online Coaching

# HI-TECH PUNJAB ONLINE COACHING

## FREE NOTES

## MASTER CADRE HISTORY

## ਜੈਨ ਧਰਮ

HI TECH PUNJAB
NO.1 NOTES PROVIDER

Low Price
Notes Available

-----------------------------------------------------------------

TET Cadre Notes: PSTET-I || PSTET-II

-----------------------------------------------------------------

Master Cadre Notes: HISTORY, CIVICS, PUNJABI

-----------------------------------------------------------------

Lecturer Cadre Notes: HISTORY, POL. SCIENCE

-----------------------------------------------------------------

ਜੈਨੀ ਰੱਬ ਜਾਂ ਪ੍ਰਮਾਤਮਾ ਵਿਚ ਵਿਸ਼ਵਾਸ ਨਾ ਰੱਖ ਕੇ ਆਪਣੇ 24 ਤੀਰੰਥਕਾਰਾਂ ਵਿਚ ਵਿਸ਼ਵਾਸ਼ ਰੱਖਦੇ ਹਨ ਅਤੇ ਨਿਰਵਾਣ ਪ੍ਰਾਪਤ ਕਰ ਸਕਦੇ ਹਨ।

ਚੰਦਰਗੁਪਤ ਮੌਰੀਆ ਸਮੇਂ ਜੈਨ ਧਰਮ ਦੋ ਭਾਗਾਂ ਦਿਗੰਬਰ(ਨੰਗੇ ਰਹਿਣ ਵਾਲੇ) ਅਤੇ ਸਵੇਤਾਂਬਰ(ਚਿੱਟੇ ਕੱਪੜੇ ਪਹਿਨਣ ਵਾਲੇ) ਵਿਚ ਵੰਡਿਆ ਗਿਆ। ਦਿਗੰਬਰ ਦਾ ਮੋਢੀ ਭੱਦਰਬਾਹੂ ਅਤੇ ਸਵੇਤਾਂਬਰ ਦਾ ਮੋਢੀ

### ਜੈਨ ਧਰਮ

ਸਥੁਲਭਦਰ ਸੀ। ਸਥੁਲਭਦਰ ਨੇ ਪਾਟਲੀਪੁੱਤਰ ਵਿਚ ਸਭਾ ਬੁਲਾ ਕੇ ਜੈਨ ਸਿਧਾਤਾਂ ਤੇ 12 ਅੰਗ ਲਿਖਵਾਏ ਜਿਨਾਂ ਨੂੰ ਦਿਗੰਬਰਾਂ ਨੇ ਨਹੀਂ ਮੰਨਿਆ ਅਤੇ ਆਪਣੇ ਵੱਖਰੇ ਗ੍ਰੰਥ ਲਿਖੇ। ਦੋਵੇ ਸੰਪਰਦਾਵਾਂ ਵਿਚ ਮੱਠਾਂ ਤੋਂ ਬਿਨਾਂ ਹੋਰ ਕੋਈ ਫਰਕ ਨਹੀਂ।

ਜੈਨ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਜਿਆਦਾ ਨਹੀਂ ਵਧੀ ਕਿਉਂਕਿ ਜੈਨ ਧਰਮ ਦੀਆਂ ਸਿਖਿਆਵਾਂ ਤਾਂ ਸਰਲ ਸਨ, ਪਰ ਜੀਵਨ ਬਤੀਤ ਕਰਨ ਔਖਾ ਸੀ। ਲੋਕਾਂ ਨੂੰ ਸੱਚ ਬੋਲਦਾ, ਅਹਿੰਸਾ, ਮੂੰਹ ਤੇ ਪੱਟੀ, ਨੰਗੇ ਪੈਰੀਂ ਆਦਿ ਗੱਲਾਂ ਦਾ ਪਾਲਣ ਕਰਨਾ ਔਖਾ ਲੱਗਦਾ ਸੀ ਜਿਸ ਕਾਰਨ ਇਸ ਧਰਮ ਦਾ ਫੈਲਾਉ ਜਿਆਦਾ ਨਹੀਂ ਹੋ ਸਕਿਆ। ਉਸ ਸਮੇਂ ਦੇ ਰਾਜਿਆਂ ਨੇ ਵੀ ਧਰਮ ਨੂੰ ਫੈਲਾਉਣ ਲਈ ਕੋਈ ਜਿਆਦਾ ਕੋਸ਼ਿਸ ਨਹੀਂ ਕੀਤੀ।ਇਸ ਧਰਮ ਦੀ ਹੋਂਦ ਨਾਲ ਸਮਾਜਿਕ ਕੁਰੀਤੀਆਂ ਨੂੰ ਜਰੂਰ ਠੱਲ ਪਈ।

Hi Tech Online Coaching

# HI-TECH PUNJAB ONLINE COACHING

## FREE NOTES

## MASTER CADRE HISTORY

## ਜੈਨ ਧਰਮ


HI TECH PUNJAB
NO.1 NOTES PROVIDER

Low Price
Notes Available

---

TET Cadre Notes: PSTET-I || PSTET-II

---

PRINCIPAL || CONSTABLE || SUB INSPECTOR

---

Master Cadre Notes: HISTORY, CIVICS, PUNJABI

---

CLERICAL || PATWARI || ETT-II NOTES

---

Lecturer Cadre Notes: HISTORY, POL. SCIENCE

---

O LEVEL || A LEVEL || Computer Basics

---